ਪੰਜਾਬ ਸਕੂਲ ਸਿੱਖਿਆ ਬੋਰਡ

(ਲੇਖਾ ਸ਼ਾਖਾ -02)

ਵੱਲ

ਪ੍ਰਿੰਸੀਪਲ / ਮੁੱਖ ਅਧਿਆਪਕ / ਮੁੱਖ ਅਧਿਆਪਕਾ

ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲ, ਐਫੀਲੀਏਟਡ /ਐਸੋਸੀਏਟਡ ਸਕੂਲ

ਨੰ.ਪਸਸਬ-ਸ.ਸ.ਲੇਖਾ-2026/ 595 ਮਿਤੀ ਐਸ.ਏ.ਐਸ.ਨਗਰ 19.11.26

ਵਿਸ਼ਾ: ਫੀਸਾਂ ਆਨਲਾਈਨ ਅਤੇ ਆਫਲਾਈਨ ਜਮ੍ਹਾਂ ਕਰਵਾਉਣ ਲਈ ਨਵੇਂ ਬੈਂਕ ਪੇਮੈਂਟ ਗੇਟਵੇਅ (Payment Gateways) ਸ਼ਾਮਲ ਕਰਨ ਸਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਾਜ ਦੇ ਸਮੂਹ ਸਰਕਾਰੀ, ਐਸੋਸੀਏਟਿਡ ਅਤੇ ਐਫੀਲੀਏਟਿਡ ਸਕੂਲਾਂ ਦੀ ਸੁਵਿਧਾ ਲਈ ਅਤੇ ਡਿਜੀਟਲ ਪ੍ਰਣਾਲੀ ਨੂੰ ਵਧੇਰੇ ਮਜ਼ਬੂਤ ਤੇ ਸੁਚਾਰੂ ਬਣਾਉਣ ਦੇ ਮਕਸਦ ਨਾਲ ਵੱਖ-ਵੱਖ ਸਮਰਪਿਤ (Dedicated) ਪੋਰਟਲ ਚਲਾਏ ਜਾ ਰਹੇ ਹਨ। ਇਹਨਾਂ ਪੋਰਟਲਾਂ ਰਾਹੀਂ ਸਕੂਲਾਂ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ, ਪ੍ਰੀਖਿਆ ਫੀਸਾਂ ਅਤੇ ਹੋਰ ਵੱਖ-ਵੱਖ ਬੋਰਡ ਫੀਸਾਂ ਦੀ ਅਦਾਇਗੀ ਕੀਤੀ ਜਾਂਦੀ ਹੈ।

ਸਕੂਲਾਂ ਨੂੰ ਫੀਸਾਂ ਜਮ੍ਹਾਂ ਕਰਵਾਉਣ ਵਿੱਚ ਹੋਰ ਆਸਾਨੀ ਅਤੇ ਬਹਿਤਰ ਸੁਵਿਧਾ ਪ੍ਰਦਾਨ ਕਰਨ ਹਿੱਤ, ਬੋਰਡ ਵੱਲੋਂ ਆਪਣੇ ਆਨਲਾਈਨ ਪੇਮੈਂਟ ਗੇਟਵੇਅ ਸਿਸਟਮ ਦਾ ਵਿਸਥਾਰ ਕੀਤਾ ਗਿਆ ਹੈ। ਪਹਿਲਾਂ ਤੋਂ ਚੱਲ ਰਹੇ ਪੇਅਮੈਂਟ ਗੇਟਵੇਅ **ਪੰਜਾਬ ਐਂਡ ਸਿੰਧ ਬੈਂਕ (P&SB), ਐਚ.ਡੀ.ਐਫ.ਸੀ. ਬੈਂਕ (HDFC Bank)** ਦੇ ਨਾਲ IndusInd Bank ਨੂੰ ਸ਼ਾਮਿਲ ਕੀਤਾ ਗਿਆ ਹੈ। ਆਫਲਾਈਨ ਪੇਮੈਟ/(ਚਲਾਨ ਰਾਂਹੀ) ਲਈ **ਸਟੇਟ ਬੈਂਕ ਆਫ਼ ਇੰਡੀਆ (SBI) ਅਤੇ ਪੰਜਾਬ ਨੈਸ਼ਨਲ ਬੈਂਕ** ਉਪਲਬਧ ਹਨ।

ਸਮੂਹ ਸਕੂਲ ਮੁੱਖੀਆਂ/ਪ੍ਰਬੰਧਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਫਲਾਈਨ ਜਾਂ ਆਨਲਾਈਨ ਫੀਸਾਂ ਦੀ ਅਦਾਇਗੀ ਸਮੇਂ ਆਪਣੀ ਸੁਵਿਧਾ ਅਨੁਸਾਰ ਉਪਰੋਕਤ ਵਿੱਚੋਂ ਕਿਸੇ ਵੀ ਬੈਂਕ ਦੇ ਪੇਮੈਂਟ ਗੇਟਵੇਅ ਦੀ ਵਰਤੋਂ ਕਰ ਸਕਦੇ ਹਨ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ:
ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.), ਪੰਜਾਬ।
2. ਨਿੱਜੀ ਸਹਾਇਕ/ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
3. ਡਾਇਰੈਕਟਰ, ਕੰਪਿਊਟਰ ਸੈੱਲ (ਬੋਰਡ ਦੀ ਵੈੱਬਸਾਈਟ 'ਤੇ ਅੱਪਲੋਡ ਕਰਨ ਹਿੱਤ)।
4. ਸਮੂਹ ਸ਼ਾਖਾ ਮੁੱਖੀ, ਪੰਜਾਬ ਸਕੂਲ ਸਿੱਖਿਆ ਬੋਰਡ।

ਸੁਪਰਡੰਟ (ਲੇਖਾ-02)
ਪੰਜਾਬ ਸਕੂਲ ਸਿੱਖਿਆ ਬੋਰਡ